# ਪੰਜਾਬੀ ਵਿਕਾਸ ਮੰਚ (ਕਾਨੂੰਨੀ)

(ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਸ਼ਾਖਾ)

ਹਵਾਲਾ ਨੰ:....78-83....   ਮਿਤੀ : 17.07.2022


**ਕਾਨੂੰਨੀ ਸਲਾਹਕਾਰ / ਵਕੀਲ**

**ਸ੍ਰੀ ਹਰੀ ਚੰਦ ਅਰੋੜਾ**
ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ
ਮੋ.: 98140-13764

**ਸ੍ਰੀ ਹਰੀਸ਼ ਰਾਏ ਢਾਂਡਾ**
ਲੁਧਿਆਣਾ
ਮੋ.: 98141-20300

**ਸ੍ਰੀ ਮਿੱਤਰ ਸੈਨ ਮੀਤ**
ਲੁਧਿਆਣਾ
ਮੋ.: 98556-31777

**ਸੰਚਾਲਕ**

**ਸ੍ਰ ਦਵਿੰਦਰ ਸਿੰਘ ਸੇਖਾ**
ਮੋ.: 98140-70581

**ਪ੍ਰੋ ਇੰਦਰਪਾਲ ਸਿੰਘ**
ਮੋ.: 82838-11912

**ਸ੍ਰ ਸੁਖਇੰਦਰ ਪਾਲ ਸਿੰਘ**
ਮੋ.: +1 (780) 884 0788

**ਸ੍ਰ ਆਰ. ਪੀ. ਸਿੰਘ**
ਮੋ.: 97790 48083


ਸੇਵਾ ਵਿਖੇ

ਮੁੱਖ ਸੂਚਨਾ ਕਮਿਸ਼ਨ

ਪੰਜਾਬ ਰਾਜ ਸੂਚਨਾ ਕਮਿਸ਼ਨ

ਚੰਡੀਗੜ੍ਹ।

***ਵਿਸ਼ਾ:*** ਸੂਚਨਾ ਕਮਿਸ਼ਨ ਦੇ ਦਫ਼ਤਰ ਦਾ ਕੰਮ-ਕਾਜ ਪੰਜਾਬੀ ਵਿਚ ਕਰਨ ਅਤੇ ਵਿਭਾਗ ਦੀ ਵੈਬਸਾਈਟ ਤੇ ਉਲਭਧ ਸੂਚਨਾ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਉਪਲਬਧ ਕਰਵਾਉਣ ਸਬੰਧੀ।

***ਹਵਾਲਾ:*** ਆਪ ਜੀ ਦਾ ਪੱਤਰ ਮੀਮੋ ਨੰ: PSIC-SA-Admn(Pbi)/910 ਮਿਤੀ 27.05.2022

ਸ੍ਰੀ ਮਾਨ ਜੀ,

ਪੰਜਾਬੀ ਵਿਕਾਸ ਮੰਚ(ਕਾਨੂੰਨੀ) ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮੱਸਿਆਵਾਂ ਨੂੰ ਕਾਨੂੰਨ ਦੀਆਂ ਵਿਵਸਥਾਵਾਂ ਰਾਹੀਂ ਸਲਝਾਉਣ ਲਈ ਸਥਾਪਤ ਕੀਤੀ ਗਈ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਇਕ ਸ਼ਾਖਾ ਹੈ। ਮੈਂ ਇਸ ਸੰਸਥਾ ਦਾ ਕਾਨੂੰਨੀ ਸਲਾਹਕਾਰ ਹਾਂ।

ਮੰਚ ਵਲੋਂ ਆਪਜੀ ਨੂੰ ਹੇਠ ਲਿਖੀ ਬੇਨਤੀ ਕੀਤੀ ਜਾਂਦੀ ਹੈ:

1. ਪੰਜਾਬੀ ਵਿਕਾਸ ਮੰਚ (ਕਾਨੂੰਨੀ) ਦੇ ਪੱਤਰ ਨੰ:ਪ.ਭ.ਪ.ਭ./1-6 ਮਿਤੀ 14.03.2022 ਅਤੇ ਪੱਤਰ ਨੰ:38-39 ਮਿਤੀ 09.05.2022 ਰਾਹੀਂ ਪੰਜਾਬ ਰਾਜ ਸੂਚਨਾ ਕਮਿਸ਼ਨ ਨੂੰ ਆਪਣਾ ਕੰਮ-ਕਾਜ ਪੰਜਾਬੀ ਵਿਚ ਕਰਨ ਦੀ ਜੋ ਬੇਨਤੀ ਕੀਤੀ ਗਈ ਸੀ, ਉਸ ਬੇਨਤੀ ਨੂੰ ਪ੍ਰਵਾਨ ਕਰਕੇ ਕਮਿਸ਼ਨ ਵੱਲੋਂ ਧਿਰਾਂ ਨੂੰ ਜਾਰੀ ਕੀਤੇ ਜਾਂਦੇ ਸੰਮਨ ਅਤੇ ਲਿਖੀਆਂ ਜਾਂਦੀਆਂ ਚਿੱਠੀਆਂ ਦੀ ਇਬਾਰਤ ਨੂੰ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਕੀਤੇ ਜਾਣ ਤੇ ਮੰਚ ਆਪ ਜੀ ਦਾ ਤਹਿ ਦਿਲੋਂ ਧੰਨਵਾਦੀ ਹੈ।

2. ਆਪ ਜੀ ਦੇ ਹਵਾਲੇ ਅਧੀਨ ਪੱਤਰ ਤੋਂ ਇਹ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਕਮਿਸ਼ਨ 2020 ਤੋਂ ਹੀ ਆਪਣੇ ਦਫ਼ਤਰੀ ਕੰਮ-ਕਾਜ ਨੂੰ ਪੰਜਾਬੀ ਵਿਚ ਵੀ ਕਰਨ ਦਾ ਇਛੁੱਕ ਹੈ ਅਤੇ ਇਸ ਇੱਛਾ ਨੂੰ ਪੂਰਾ ਕਰਨ ਲਈ ਕਮਿਸ਼ਨ ਵੱਲੋਂ ਭਾਸ਼ਾ ਵਿਭਾਗ ਨੂੰ ਮਿਤੀ 10.06.2020 ਨੂੰ ਚਿੱਠੀ ਵੀ ਲਿਖੀ ਗਈ ਸੀ। ਇਸ ਯਤਨ ਲਈ ਵੀ ਮੰਚ ਆਪ ਜੀ ਦਾ ਧੰਨਵਾਦੀ ਹੈ।

ਹਰੀ ਚੰਦ ਅਰੋੜਾ

3. ਆਪ ਜੀ ਦੇ ਹਵਾਲੇ ਅਧੀਨ ਪੱਤਰ ਤੋਂ ਇਹ ਜਾਣਕਾਰੀ ਵੀ ਪ੍ਰਾਪਤ ਹੋਈ ਹੈ ਕਿ ਉਸ ਸਮੇਂ ਭਾਸ਼ਾ ਵਿਭਾਗ ਪੰਜਾਬ ਵੱਲੋਂ ਆਪਣੇ ਪੱਤਰ ਮਿਤੀ 24.07.2020 ਰਾਹੀਂ ਇਸ ਸਬੰਧੀ ਅਸਮਰਥਤਾ ਪ੍ਰਗਟ ਕੀਤੀ ਗਈ ਸੀ। ਭਾਸ਼ਾ ਵਿਭਾਗ ਦਾ ਇਹ ਵਿਵਹਾਰ ਆਪਣੇ ਪੰਜਾਬੀ ਦੀ ਪ੍ਰਫੁੱਲਤਾ ਦੇ ਉਦੇਸ਼ ਦੀ ਪ੍ਰਾਪਤੀ ਦੇ ਉਲਟ ਸੀ। ਮੰਚ ਭਾਸ਼ਾ ਵਿਭਾਗ ਦੇ ਇਸ ਵਿਵਹਾਰ ਦੀ ਨਿੰਦਾ ਕਰਦਾ ਹੈ।

4. ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ ਕਿ ਨਵੰਬਰ 2021 ਵਿਚ ਭਾਸ਼ਾ ਵਿਭਾਗ ਵੱਲੋਂ ਆਪਣੇ ਦਫਤਰ ਵਿਚ 40 ਦੇ ਕਰੀਬ ਜ਼ਿਲ੍ਹਾ ਭਾਸ਼ਾ ਅਫ਼ਸਰਾਂ ਅਤੇ ਜ਼ਿਲ੍ਹਾ ਖੋਜ ਅਫ਼ਸਰਾਂ ਦੀ ਭਰਤੀ ਕਰ ਲਈ ਗਈ ਹੈ। ਇਨ੍ਹਾਂ ਅਫ਼ਸਰਾਂ ਦਾ ਮੁੱਖ ਕਾਰਜ ਪੰਜਾਬ ਰਾਜ ਸੂਚਨਾ ਕਮਿਸ਼ਨ ਵਰਗੀਆਂ ਸੰਸਥਾਵਾਂ ਵਿਚ ਦਫ਼ਤਰੀ ਕੰਮ-ਕਾਜ ਕਰਨ ਵਿਚ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਿੱਖਿਅਤ ਕਰਨਾ ਹੈ। ਇਸ ਸਮੇਂ ਇਹ ਅਫ਼ਸਰ ਮੁਹਾਲੀ ਅਤੇ ਚੰਡੀਗੜ੍ਹ ਵਿਚ ਵੀ ਤਾਇਨਾਤ ਹਨ। ਉਮੀਦ ਹੈ ਬਦਲੇ ਹਾਲਾਤਾਂ ਵਿਚ ਭਾਸ਼ਾ ਵਿਭਾਗ ਆਪਣੀ ਪੰਜਾਬੀ ਦੇ ਵਿਕਾਸ ਪ੍ਰਤੀ ਆਪਣੀ ਮੁੱਢਲੀ ਜ਼ਿੰਮੇਵਾਰੀ ਤੋਂ ਨਹੀਂ ਭੱਜੇਗਾ। ਅਤੇ ਸੂਚਨਾ ਕਮਿਸ਼ਨ ਦੇ ਆਪਣੇ ਦਫ਼ਤਰੀ ਕੰਮ-ਕਾਜ ਨੂੰ ਪੰਜਾਬੀ ਵਿਚ ਕੀਤੇ ਜਾਣ ਦੀ ਇੱਛਾ ਨੂੰ ਪੂਰਾ ਕਰਨ ਵਿਚ ਪੂਰਾ ਸਹਿਯੋਗ ਦੇਵੇਗਾ।

5. ਫਿਰ ਵੀ ਜੇ ਕੋਈ ਕਮੀ-ਪੇਸ਼ੀ ਰਹਿੰਦੀ ਦਿਖਾਈ ਦਿੰਦੀ ਹੋਏ ਤਾਂ ਕਿਰਪਾ ਕਰਕੇ ਮਾਣਯੋਗ ਪ੍ਰਮੁੱਖ ਸਕੱਤਰ ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਦੇ ਵਿਸ਼ੇਸ਼ ਧਿਆਨ ਵਿਚ ਲਿਆ ਕੇ ਇਹ ਕਮੀ-ਪੇਸ਼ੀ ਪੂਰੀ ਕਰ ਲਈ ਜਾਵੇ। ਪਰ ਸੂਚਨਾ ਕਮਿਸ਼ਨ ਵਰਗੀ ਮਹੱਤਵਪੂਰਨ ਸੰਸਥਾ ਜੋ ਆਮ ਜਨਤਾ ਨੂੰ ਇਨਸਾਫ਼ ਉਪਲਬਧ ਕਰਵਾਉਂਦੀ ਹੈ, ਦਾ ਸਾਰਾ ਦਫ਼ਤਰੀ ਕੰਮ-ਕਾਜ ਖ਼ਾਸ ਕਰ, ਕਮਿਸ਼ਨ ਦੇ ਫ਼ੈਸਲੇ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਕੀਤੇ ਜਾਣ ਦੀ ਵਿਵਸਥਾ ਜਰੂਰ ਕੀਤੀ ਜਾਵੇ।

6. ਸੂਚਨਾ ਕਮਿਸ਼ਨ ਦੇ ਕੰਮ-ਕਾਜ ਨੂੰ ਪੜਾਅ ਵਾਰ ਪੰਜਾਬੀ ਵਿਚ ਕਰਨ ਲਈ, ਮੰਚ ਵੱਲੋਂ ਆਪਣੇ ਪੱਤਰ ਨੰ:- 59-63 ਮਿਤੀ 08.06.2022 ਰਾਹੀਂ ਕਮਿਸ਼ਨ ਨੂੰ ਮਹੱਤਵਪੂਰਨ ਸੁਝਾਅ ਭੇਜੇ ਗਏ ਹਨ। ਪੰਜਾਬੀ ਭਾਸ਼ਾ ਪ੍ਰਤੀ ਆਪਣੇ ਫ਼ਰਜ਼ਾਂ ਦੀ ਪਾਲਨਾ ਕਰਨ ਲਈ ਕਮਿਸ਼ਨ, ਇਸ ਪੱਤਰ ਵਿਚ ਦਰਜ ਸੁਝਾਵਾ ਤੇ ਗੌਰ ਕਰ ਸਕਦਾ ਹੈ।

ਹਰੀ ਚੰਦ ਅਰੋੜਾ

ਕਮਿਸ਼ਨ ਦੇ ਦਫ਼ਤਰੀ ਕੰਮ-ਕਾਜ ਅਤੇ ਇਸ ਦੀ ਵੈਬਸਾਈਟ ਤੇ ਉਪਲਬਧ ਸੂਚਨਾ ਦੇ ਜਲਦੀ ਹੀ ਪੰਜਾਬੀ ਵਿਚ ਵੀ ਉਪਲਬਧ ਹੋਣ ਦੀ ਆਸ ਨਾਲ।

ਮਿਤੀ: 17 ਜੁਲਾਈ 2022

ਵਿਸ਼ਵਾਸ ਪਾਤਰ

ਹਰੀ ਚੰਦ ਅਰੋੜਾ

(ਹਰੀ ਚੰਦ ਅਰੋੜਾ ਐਡਵੋਕੇਟ)

(ਕਾਨੂੰਨੀ ਸਲਾਹਕਾਰ)

*ਨੱਥੀ: ਪੱਤਰ ਨੰ: 59-63 ਮਿਤੀ 08.06.2022*

ਉਪਰੋਕਤ ਦਾ ਉਤਾਰਾ, ਹੇਠ ਲਿਖਿਆਂ ਸ਼ਖਸ਼ੀਅਤਾਂ ਨੂੰ ਇਸ ਬੇਨਤੀ ਨਾਲ ਕਿ *ਉਹ ਡਾਇਰੈਕਟਰ ਭਾਸ਼ਾ ਵਿਭਾਗ ਨੂੰ ਸਖਤ ਹਦਾਇਤ ਕਰਨਗੇ ਕਿ ਭਾਸ਼ਾ ਵਿਭਾਗ ਤੁਰੰਤ ਲੋਕ ਸੂਚਨਾ ਕਮਸ਼ਿਨ ਨੂੰ ਲੋੜੀਂਦੀ ਸਹਾਇਤਾ ਉਪਲਭਧ ਕਰਵਾਏ:*

1. ਮਾਣਯੋਗ ਮੁੱਖ ਮੰਤਰੀ, ਪੰਜਾਬ। cmo@punjab.gov.in
2. ਮੁੱਖ ਸਕੱਤਰ ਸਹਿਬ, ਪੰਜਾਬ ਸਰਕਾਰ, ਚੰਡੀਗੜ੍ਹ। cs@punjab.gov.in
3. ਮੰਤਰੀ ਸਿੱਖਿਆ ਅਤੇ ਭਾਸ਼ਾ ਵਿਭਾਗ, ਪੰਜਾਬ, ਚੰਡੀਗੜ੍ਹ। punjabeducationminister@gmail.com
4. ਪ੍ਰਮੁੱਖ ਸਕੱਤਰ,ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ, ਪੰਜਾਬ, ਚੰਡੀਗੜ੍ਹ। pshe@punjab.gov.in
5. ਡਾਇਰੇਕਟਰ ਭਾਸਾ ਵਿਭਾਗ ਪੰਜਾਬ ਪਟਿਆਲਾ ਨੂੰ, ਇਸ ਬੇਨਤੀ ਨਾਲ ਕਿ ਉਹ ਵੱਖ ਵੱਖ ਜਿਲ੍ਹਿਆਂ ਵਿਚ ਤਾਇਨਾਤ ਆਪਣੇ ਜਿਲ੍ਹਾ ਖੋਜ਼ ਅਫਸਰਾਂ ਨੂੰ ਤੁਰੰਤ ਇਹ ਮਹੱਤਵਪੂਰਣ ਜਿੰਮੇਵਾਰੀ ਸੌਂਪਣ।